**ਸਾਊਥ ਏਸ਼ੀਅਨ ਰੀਵੀਊ**
P.O. Box 2372, Prince George, B.C. Canada V2N 2S6 email:sarp98@email.com

**ਪ੍ਰੈਸ ਰੀਲੀਜ਼**, 15 ਅਕਤੂਬਰ, 2006

# ਚਾਰ ਰੋਜ਼ਾ ਤੀਜੀ ਵਿਸ਼ਵ ਪੰਜਾਬੀ ਕਾਨਫਰੰਸ

## ਦੇਸ਼ ਭਗਤ ਯਾਦਗਾਰ ਹਾਲ, ਜਲੰਧਰ, ਪੰਜਾਬ
## 15 ਫਰਵਰੀ, 2007 ਤੋਂ 18 ਫਰਵਰੀ, 2007

ਆਪ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਚੜ੍ਹਦੇ ਪੰਜਾਬ ਦੇ ਜਲੰਧਰ ਸ਼ਹਿਰ ਵਿਚ ਮਿਤੀ 15 ਫਰਵਰੀ, 2007 ਤੋਂ 18 ਫਰਵਰੀ, 2007 ਤਕ ਚਾਰ ਰੋਜ਼ਾ **ਤੀਜੀ ਵਿਸ਼ਵ ਪੰਜਾਬੀ ਕਾਨਫਰੰਸ** ਦਾ ਦੇਸ਼ ਭਗਤ ਯਾਦਗਾਰ ਹਾਲ, ਜਲੰਧਰ, ਪੰਜਾਬ, ਵਿਖੇ ਆਯੋਜਨ ਕੀਤਾ ਜਾ ਰਿਹਾ ਹੈ। ਆਪ ਨੂੰ ਇਸ ਵਿਚ ਸ਼ਿਰਕਤ ਕਰਨ ਲਈ ਮੋਹ ਭਰਿਆ ਸੱਦਾ ਦਿੱਤਾ ਜਾਂਦਾ ਹੈ।

ਪਹਿਲਾਂ ਅਗਸਤ 2000 ਤੇ ਉਸ ਤੋਂ ਬਾਅਦ ਜੂਨ 2003 ਵਿਚ ਪ੍ਰਿੰਸ ਜਾਰਜ ਵਿਖੇ ਕੀਤੀਆਂ ਗਈਆਂ ਦੋਵੇਂ 'ਵਿਸ਼ਵ ਪੰਜਾਬੀ ਕਾਨਫਰੰਸਾਂ' ਦੀ ਸਫਲਤਾ ਉਪਰੰਤ ਨਿਰੰਤਰ ਕਾਰਜ ਨੂੰ ਧਿਆਨ ਵਿਚ ਰਖਦਿਆਂ ਤੇ ਇਸੇ ਕੰਮ ਨੂੰ ਅੱਗੇ ਤੋਰਨ ਲਈ ਤੀਜੀ ਕਾਨਫਰੰਸ ਦਾ ਮੁੱਖ ਵਿਸ਼ਾ ਰਖਿਆ ਗਿਆ ਹੈਃ- **'ਇੱਕੀਵੀਂ ਸਦੀ ਵਿਚ ਕੌਮਾਂ ਦੀ ਉਸਾਰੀਃ ਪੰਜਾਬੀ ਕੌਮ-ਪੰਜਾਬੀ ਦਰਸ਼ਨ'** ਇਸ ਕਾਨਫਰੰਸ ਦਾ ਇੰਤਜ਼ਾਮ ਅਦਾਰਾ ਕੌਮਾਂਤਰੀ ਪੰਜਾਬੀ ਪਤ੍ਰਿਕਾ ਸਾਊਥ ਏਸ਼ੀਅਨ ਰੀਵੀਊ ਅਤੇ ਹੋਰ ਸਹਿਯੋਗੀ ਜਥੇਬੰਦੀਆਂ ਵਲੋਂ ਕੀਤਾ ਜਾ ਰਿਹਾ ਹੈ। ਇਸ ਵਿਚ ਨਾਮਵਰ ਵਿਦਵਾਨ, ਸਭਿਆਚਾਰ ਸ਼ਾਸਤਰੀ, ਲਿਖਾਰੀ, ਕਲਾਕਾਰ ਅਤੇ ਇਸ ਖੇਤਰ ਵਿਚ ਕੰਮ ਕਰ ਰਹੀਆਂ ਸਰਗਰਮ ਸ਼ਖ਼ਸੀਅਤਾਂ, ਪੰਜਾਬੀ ਕੌਮ ਦੇ ਵੱਖ ਵੱਖ ਪਹਿਲੂਆਂ ਉੱਤੇ ਖੋਜ-ਪੱਤਰ ਪੇਸ਼ ਕਰਨਗੀਆਂ। ਪੰਜਾਬੀ ਕੌਮ, ਪੰਜਾਬੀ ਕੌਮ ਦਾ ਦਰਸ਼ਨ, ਇਸਦੀ ਜ਼ਬਾਨ, ਇਸਦਾ ਦਾ ਸਭਿਆਚਾਰ, ਆਦਿ ਵਿਸ਼ਿਆਂ ਤੇ ਚਰਚਾ ਕੀਤੀ ਜਾਵੇਗੀ।

ਪੰਜਾਬੀ ਪਿਆਰਿਆਂ ਸਾਹਮਣੇ ਅਨੇਕਾਂ ਮਸਲੇ ਹਨ ਜਿਨ੍ਹਾਂ ਤੇ ਇਕੱਠੇ ਹੋ ਕੇ ਵਿਚਾਰ ਕਰਨ ਦੀ ਲੋੜ ਹੈ ।ਪੰਜਾਬੀ ਭਾਸ਼ਾ ਦੁਨੀਆਂ ਦੀਆਂ ਪੁਰਾਣੀਆਂ ਭਾਸ਼ਾਵਾਂ ਵਿਚੋਂ ਇਕ ਹੈ।ਇਸਦਾ ਵਿਰਸਾ ਅਮੀਰ ਹੈ।ਦੁੱਖ ਦੀ ਗੱਲ ਹੈ ਕਿ ਅਜੇ ਤਕ ਇਹ ਰੁਜ਼ਗਾਰ ਦੀ ਭਾਸ਼ਾ ਨਹੀਂ ਬਣ ਸਕੀ। ਇਹ ਅਜੇ ਤਕ ਪਛੜੀਆਂ ਭਾਸ਼ਾਵਾਂ ਵਿਚ ਗਿਣੀ ਜਾਂਦੀ ਹੈ। ਇਹ ਕਿਉਂ?

ਦੂਜੀ ਕਾਨਫਰੰਸ ਵਿਚ ਵਿਦਵਾਨਾਂ ਨੇ ਸਰਬ-ਸੰਮਤੀ ਨਾਲ ਫੈਸਲਾ ਲਿਆ ਸੀ ਕਿ ਪੰਜਾਬੀ ਕੌਮ ਦਾ ਕੰਮ ਹੋਰ ਪ੍ਰਫੁਲਤ ਕਰਨ ਵਾਸਤੇ ਪੰਜਾਬੀ ਦਰਸ਼ਨ ਉੱਤੇ ਹੋਰ ਖੋਜ ਕੀਤੀ ਜਾਵੇ। ਇਹ ਵੀ ਅਫਸੋਸ ਜ਼ਾਹਿਰ ਕੀਤਾ ਸੀ ਕਿ ਸਦੀਆਂ ਤੋਂ ਪੰਜਾਬੀ ਕੌਮ ਆਪਣੇ ਦਰਸ਼ਨ ਨਾਲ ਵਿਚਰਦੀ ਆ ਰਹੀ ਹੈ ਪਰ ਸਾਡੇ ਵਿਦਿਅਕ ਅਦਾਰਿਆਂ ਨੇ ਇਸ ਨੂੰ ਪੜ੍ਹਨ ਜਾਂ ਪੜ੍ਹਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਇਹ ਕਿਉਂ? ਇਨ੍ਹਾਂ ਸਾਰੇ ਸਵਾਲਾਂ ਤੇ ਚਿੰਤਨ ਕਰਨ ਲਈ ਆਓ ਇਕੱਠੇ ਹੋ ਕੇ ਵਿਚਾਰ ਕਰੀਏ ਤਾਂ ਜੋ ਸਾਡਾ ਅਤੇ ਸਾਡੀ ਆਉਣ ਵਾਲੀ ਪੀੜ੍ਹੀ ਦਾ ਭਵਿੱਖ ਉਜਲਾ ਹੋ ਸਕੇ।ਤੁਹਾਡੀ ਹਰ ਤਰ੍ਹਾਂ ਦੀ ਸਹਾਇਤਾ ਅਤੇ ਹਾਜ਼ਰੀ ਦੀ ਉਡੀਕ ਰਹੇਗੀ।

### ਹੋਰ ਜਾਣਕਾਰੀ ਲਈ ਸੰਪਰਕ ਕਰੋਃ-


- ਡਾ. ਕਰਨੈਲ ਸਿੰਘ ਥਿੰਦ, ਫੋਨਃ- 0172-221-2421 ਜ: ਈ. ਮੇਲ drthind@gmail.com
- ਸੁੱਚਾ ਦੀਪਕ, ਫੋਨਃ- 250-561-1687 ਜਾਂ 250-930-8626, ਈ. ਮੇਲ sarp98@email.com
- ਭੁਪਿੰਦਰ ਸਿੰਘ ਮੱਲ੍ਹੀ, ਫੋਨਃ- 604-765-3063 ਈ. ਮੇਲ bhupindermalhi@gmail.com


**www.worldpunjabiconference.com** OR **www.southasianreview.org**